# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ: 9219 /ਸੀ.ਓ.ਈ.

ਮਿਤੀ 26/09/2023

ਜ਼ਰੂਰੀ ਸੂਚਨਾ

ਪ੍ਰੀਖਿਆ ਸ਼ਾਖਾ ਵਿੱਚ ਚਲਦੇ ਸਮੂਹ ਕੋਰਸਾਂ ਵਿੱਚ ਰੈਗੂਲਰ, ਡਿਸਟੈਂਸ਼ ਐਜੂਕੇਸ਼ਨ, ਰੀ-ਅਪੀਅਰ ਅਤੇ ਪ੍ਰਾਈਵੇਟ ਵਿਦਿਆਰਥੀਆਂ ਨੂੰ ਮਾਧਿਅਮ ਸਬੰਧੀ ਆ ਰਹੀਆਂ ਸਮੱਸਿਆਵਾਂ ਦੇ ਮੱਦੇ-ਨਜ਼ਰ ਕੰਟਰੋਲਰ (ਪ੍ਰੀਖਿਆਵਾਂ) ਦੇ ਦਫ਼ਤਰ ਵਿਖੇ ਮਿਤੀ 22.09.2023 ਨੂੰ ਸਵੇਰੇ 10.30 ਵਜੇ ਮੀਟਿੰਗ ਹੋਈ। ਮੀਟਿੰਗ ਵਿੱਚ ਫੈਸਲਾ ਲਿਆ ਗਿਆ ਹੈ ਕਿ ਸਬੰਧਿਤ ਕੇਸਾਂ ਦੀਆਂ ਤਸਦੀਕ-ਸ਼ੁਦਾ ਪ੍ਰੀਖਿਅਕ ਦੁਆਰਾ ਮੁਲਾਂਕਣ ਕੀਤੀਆਂ ਹੋਈਆਂ ਉੱਤਰ-ਕਾਪੀਆਂ ਸੀਕਰੇਸੀ ਸ਼ਾਖਾ/ਕਾਲਜਾਂ/ਵਿਭਾਗਾਂ ਤੋਂ ਮੰਗਵਾ ਕੇ ਨਿਰਧਾਰਿਤ ਫੀਸ ਭਰਵਾਉਣ ਉਪਰੰਤ ਸਬੂਤਾਂ ਦੇ ਆਧਾਰ ਤੇ ਹੀ ਮਾਧਿਅਮ ਬਦਲਿਆ ਜਾਵੇਗਾ। ਜੇਕਰ ਵਿਦਿਆਰਥੀਆਂ ਦੀਆਂ ਮੁਲਾਂਕਣ ਕੀਤੀਆਂ ਗਈਆਂ ਉੱਤਰ-ਕਾਪੀਆਂ ਨਹੀਂ ਮਿਲਦੀਆਂ ਤਾਂ ਵਿਦਿਆਰਥੀਆਂ ਵਲੋਂ ਕੀਤੀ ਗਈ ਈਮੇਲ ਤੇ ਭੇਜੀ ਗਈ ਉੱਤਰ-ਕਾਪੀਆਂ ਦੀ ਤਸਦੀਕ-ਸ਼ੁਦਾ ਫੋਟੋ-ਕਾਪੀ ਭੇਜੀ ਜਾਵੇ ਜੋ ਕਿ ਸੀਕਰੇਸੀ ਸ਼ਾਖਾ ਵੱਲੋਂ ਤਸਦੀਕ ਕੀਤੀ ਜਾਵੇ ਕਿ ਈਮੇਲ ਸਹੀ ਸਮੇਂ ਤੇ (ਪੇਪਰ ਵਾਲੇ ਦਿਨ ਦੀ ਹੀ ਹੈ) ਕਾਲਜ ਵਲੋਂ ਮੁਲਾਂਕਣ ਕੀਤੀ ਗਈ ਹੈ ਅਤੇ ਵਿਦਿਆਰਥੀ ਦੁਆਰਾ ਕੀਤੀ ਗਈ ਈਮੇਲ ਸੀਕਰੇਸੀ ਬ੍ਰਾਂਚ ਦੀ ਈਮੇਲ ਤੇ ਵੀ ਭੇਜੀ ਜਾਵੇ। ਵਿਦਿਆਰਥੀਆਂ ਵੱਲੋਂ ਕੀਤੀ ਮੰਗ ਨੂੰ ਵਿਚਾਰਦੇ ਹੋਏ ਅਤੇ ਵਿਦਿਆਰਥੀਆਂ ਦੇ ਭਵਿੱਖ ਨੂੰ ਮੁਖ ਰੱਖਦੇ ਹੋਏ ਸੈਸ਼ਨ ਮਈ, 2023 ਤੋਂ ਪਹਿਲਾਂ ਦੇ ਕੇਸਾਂ ਵਿੱਚ ਮਾਧਿਅਮ ਬਦਲ ਦਿੱਤਾ ਜਾਵੇ।

26/09/2023

**ਕੰਟਰੋਲਰ (ਪ੍ਰੀਖਿਆਵਾਂ)**

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ

Scanned with CamScan